Employment Standards Branch
# FACTSHEET

ਇਹ ਤੱਥ-ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ *ਇਮਪਲੌਏਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ* ਦੇਖੋ।

July 2016

# ਘਰਾਂ ਵਿਚ ਕੰਮ ਕਰਨ ਵਾਲੇ ਵਰਕਰ

ਘਰਾਂ ਵਿਚ ਕੰਮ ਕਰਨ ਵਾਲੇ ਵਰਕਰ (ਡੁਮਿਸਟਿਕਸ) *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਤੇ ਰੈਗੂਲੇਸ਼ਨ ਅਧੀਨ ਕਵਰ ਹਨ। ਇਨ੍ਹਾਂ ਵਿਚ ਓਵਰਟਾਈਮ ਦੀ ਤਨਖਾਹ, ਕਾਨੂੰਨੀ ਛੁੱਟੀਆਂ ਅਤੇ ਛੁੱਟੀ ਦੀ ਤਨਖਾਹ, ਸਲਾਨਾ ਛੁੱਟੀਆਂ ਅਤੇ ਛੁੱਟੀਆਂ ਦੀ ਤਨਖਾਹ ਅਤੇ ਘੱਟੋ ਘੱਟ ਤਨਖਾਹ ਦੀਆਂ ਸ਼ਰਤਾਂ ਸ਼ਾਮਲ ਹਨ।

## ਘਰਾਂ ਵਿਚ ਕੰਮ ਕਰਨ ਵਾਲੇ ਵਰਕਰ (ਡੁਮਿਸਟਿਕ) ਦੀ ਪਰਿਭਾਸ਼ਾ

**ਘਰਾਂ ਵਿਚ ਕੰਮ ਕਰਨ ਵਾਲਾ ਵਰਕਰ** ਉਹ ਹੈ:

- ਜੋ ਕਿਸੇ ਦੇ ਘਰ ਖਾਣਾ ਬਣਾਉਣ, ਸਫਾਈ ਕਰਨ, ਬੱਚਿਆਂ ਦੀ ਸੰਭਾਲ ਕਰਨ ਜਾਂ ਹੋਰ ਦੱਸੀਆਂ ਗਈਆਂ ਸੇਵਾਵਾਂ ਦੇਣ ਲਈ ਕੰਮ ’ਤੇ ਰੱਖਿਆ ਗਿਆ ਹੈ, ਅਤੇ
- ਆਪਣੇ ਕੰਮ-ਮਾਲਕ ਦੇ ਪ੍ਰਾਈਵੇਟ ਘਰ ਵਿਚ ਰਹਿੰਦਾ ਹੈ।

## ਲਿਖਤੀ ਐਗਰੀਮੈਂਟ ਦੀ ਲੋੜ ਹੈ

ਘਰ ਵਿਚ ਕੰਮ ਕਰਨ ਵਾਲੇ ਵਰਕਰ ਅਤੇ ਉਸ ਦੇ ਕੰਮ-ਮਾਲਕ ਵਿਚਕਾਰ ਰੁਜ਼ਗਾਰ ਦਾ ਲਿਖਤੀ ਐਗਰੀਮੈਂਟ ਹੋਣਾ ਜ਼ਰੂਰੀ ਹੈ।

ਐਗਰੀਮੈਂਟ ਵਿਚ, ਘਰ ਵਿਚ ਕੰਮ ਕਰਨ ਵਾਲੇ ਵਰਕਰ ਦੇ ਕੰਮ, ਕੰਮ ਦੇ ਘੰਟੇ, ਤਨਖਾਹਾਂ ਅਤੇ ਖਾਣੇ ਅਤੇ ਰਿਹਾਇਸ਼ ਲਈ ਵਸੂਲ ਕੀਤੇ ਜਾਣ ਵਾਲੇ ਪੈਸੇ ਲਿਖੇ ਜਾਣੇ ਜ਼ਰੂਰੀ ਹਨ। ਕੰਮ-ਮਾਲਕ ਵਲੋਂ ਘਰ ਵਿਚ ਕੰਮ ਕਰਨ ਵਾਲੇ ਵਰਕਰ ਨੂੰ ਇਸ ਐਗਰੀਮੈਂਟ ਦੀ ਇਕ ਕਾਪੀ ਦੇਣਾ ਜ਼ਰੂਰੀ ਹੈ।

ਜੇ ਘਰ ਵਿਚ ਕੰਮ ਕਰਨ ਵਾਲਾ ਵਰਕਰ, ਰੁਜ਼ਗਾਰ ਦੇ ਐਗਰੀਮੈਂਟ ਵਿਚ ਤਹਿ ਕੀਤੇ ਗਏ ਘੰਟਿਆਂ ਨਾਲੋਂ ਜ਼ਿਆਦਾ ਘੰਟੇ ਕੰਮ ਕਰਦਾ ਹੈ ਤਾਂ ਵਰਕਰ ਨੂੰ ਇਨ੍ਹਾਂ ਘੰਟਿਆਂ ਲਈ ਵਾਧੂ ਪੈਸੇ ਦਿੱਤੇ ਜਾਣੇ ਜ਼ਰੂਰੀ ਹਨ। ਜੇ ਜ਼ਿਆਦਾ ਘੰਟੇ ਕੰਮ ਕਰਨ ਦਾ ਮਤਲਬ ਇਹ ਹੈ ਕਿ ਘਰ ਵਿਚ ਕੰਮ ਕਰਨ ਵਾਲਾ ਵਰਕਰ ਇਕ ਦਿਨ ਵਿਚ ਅੱਠ ਘੰਟਿਆਂ ਜਾਂ ਇਕ ਹਫਤੇ ਵਿਚ 40 ਘੰਟਿਆਂ ਨਾਲੋਂ ਜ਼ਿਆਦਾ ਸਮਾਂ ਕੰਮ ਕਰਦਾ ਹੈ ਤਾਂ ਵਾਧੂ ਤਨਖਾਹ ਓਵਰਟਾਈਮ ਦੇ ਰੇਟਾਂ ’ਤੇ ਦਿੱਤੀ ਜਾਣੀ ਜ਼ਰੂਰੀ ਹੈ।

ਰਿਹਾਇਸ਼ ਅਤੇ ਖਾਣੇ ਲਈ ਵਸੂਲ ਕੀਤੇ ਜਾਣ ਵਾਲੇ ਵੱਧ ਤੋਂ ਵੱਧ ਪੈਸੇ ਨਿਯਮਾਂ ਮੁਤਾਬਕ ਤਹਿ ਕੀਤੇ ਜਾਂਦੇ ਹਨ। ਇਹ ਚਾਰਜ ਮਹੀਨੇ ਦੇ 325 ਡਾਲਰ ਨਾਲੋਂ ਜ਼ਿਆਦਾ ਨਹੀਂ ਹੋ ਸਕਦੇ।

## ਘਰਾਂ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਰਜਿਸਟਰੇਸ਼ਨ

ਘਰਾਂ ਵਿਚ ਕੰਮ ਕਰਨ ਵਾਲੇ ਵਰਕਰ ਦੇ ਕੰਮ-ਮਾਲਕ ਲਈ, ਕੰਮ-ਮਾਲਕ ਅਤੇ ਵਰਕਰ ਦਾ ਨਾਂ, ਐਡਰੈਸ ਅਤੇ ਟੈਲੀਫੋਨ ਨੰਬਰ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਨੂੰ ਦੱਸਣਾ ਜ਼ਰੂਰੀ ਹੈ। ਅਜਿਹਾ ਘਰਾਂ ਵਿਚ ਕੰਮ ਕਰਨ ਵਾਲੇ ਵਰਕਰ ਵਲੋਂ ਕੰਮ ਸ਼ੁਰੂ ਕਰਨ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ ਕੀਤਾ ਜਾਣਾ ਜ਼ਰੂਰੀ ਹੈ।

ਇਸ ਜਾਣਕਾਰੀ ਵਿਚ ਜੇ ਕੋਈ ਤਬਦੀਲੀ ਹੁੰਦੀ ਹੈ ਤਾਂ ਇਸ ਬਾਰੇ ਕੰਮ-ਮਾਲਕ ਵਲੋਂ ਹਰ ਛੇ ਮਹੀਨਿਆਂ ਬਾਅਦ ਬਰਾਂਚ ਨੂੰ ਦੱਸਣਾ ਜ਼ਰੂਰੀ ਹੈ। ਇਹ ਜਾਣਕਾਰੀ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਦੇ ਕਿਸੇ ਵੀ ਦਫਤਰ ਵਿਚ ਦਿੱਤੀ ਜਾ ਸਕਦੀ ਹੈ।

ਜੇ ਕਿਸੇ ਰੁਜ਼ਗਾਰ ਏਜੰਸੀ ਨੇ ਘਰਾਂ ਵਿਚ ਕੰਮ ਕਰਨ ਵਾਲੇ ਵਰਕਰ ਨੂੰ ਕਿਸੇ ਨਾਲ ਰਖਾਇਆ ਹੋਵੇ ਤਾਂ ਰੁਜ਼ਗਾਰ ਏਜੰਸੀ ਲਈ ਉਸ ਕੰਮ-ਮਾਲਕ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਘਰਾਂ ਵਿਚ ਕੰਮ ਕਰਨ ਵਾਲੇ ਵਰਕਰ ਨੂੰ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਨਾਲ ਰਜਿਸਟਰ ਕਰਵਾਉਣਾ ਉਸ ਦੀ ਜ਼ਿੰਮੇਵਾਰੀ ਹੈ।

ਘਰਾਂ ਵਿਚ ਕੰਮ ਕਰਨ ਵਾਲੇ ਵਰਕਰਾਂ ਦੇ ਰੁਜ਼ਗਾਰ ਬਾਰੇ ਜ਼ਿਆਦਾ ਜਾਣਕਾਰੀ ਇਸ ਵੈੱਬਸਾਈਟ ਤੋਂ ਮਿਲਦੀ ਹੈ:
www.labour.gov.bc.ca/esb/